# 31
# ਸਲੀਬ ਦੇ ਰਾਹੀਂ ਪਵਿੱਤਰ ਕੀਤੇ ਗਏ

## 1 ਕੁਰਿੰਥੀਆਂ 1:26-31

*''ਪਰ ਹੁਣ ਤੁਸਾਂ ਪਾਪ ਤੋਂ ਛੁੱਟ ਕੇ ਅਤੇ ਪ੍ਰਮੇਸ਼ਵਰ ਦੇ ਦਾਸ ਬਣ ਕੇ ਪਵਿੱਤਰਤਾਈ ਦੇ ਲਈ ਆਪਣਾ ਫਲ ਅਤੇ ਓੜਕ ਨੂੰ ਸਦੀਪਕ ਜੀਵਨ ਪਾਉਂਦੇ ਹੋ'' (ਰੋਮੀਆਂ 6:22)।*

ਮਸੀਹੀ ਲੋਕਾਂ ਦਾ ਵਜੂਦ ਪਾਪੀਆਂ ਨੂੰ ਬਚਾਉਣ ਅਤੇ ਚੇਲੇ ਬਣਾਉਣ ਲਈ ਹੈ (ਮੱਤੀ 28:18-20)। ਪਰ ਇੰਜੀਲ ਦਾ ਪ੍ਰਚਾਰ ਜੋ ਕਿਸੇ ਸਮੇਂ ''ਵਿਚ'' ਸੀ, ਹੁਣ ''ਬਾਹਰ'' ਹੋ ਗਿਆ ਹੈ। ਹੁਣ ਕਈ ਇਹ ਆਖਦੇ ਹਨ ਕਿ ''ਜੇ ਕਿਸੇ ਨੂੰ ਲਗਦਾ ਹੀ ਨਹੀਂ ਹੈ ਕਿ ਉਹ ਗੁਆਚਿਆ ਹੋਇਆ ਹੈ ਤਾਂ ਉਹਨੂੰ ਬਚਾਇਆ ਕਿਉਂ ਜਾਵੇ?''

### ਸਮਰਪਣ

ਪਵਿੱਤਰ ਕੀਤੇ ਜਾਣਾ ਕਦੇ ਵੀ ''ਅੰਦਰ'' ਨਹੀਂ ਰਿਹਾ ਹੈ। ਸਾਡੇ ਵਿੱਚੋਂ ਕਈਆਂ ਨੂੰ ਪਤਾ ਵੀ ਨਹੀਂ ਹੈ ਕਿ ਇਹ ਕੀ ਹੈ। ''ਪਵਿੱਤਰ ਕੀਤੇ ਜਾਣਾ'' ਦਾ ਸਿੱਧਾ ਜਿਹਾ ਅਰਥ ਖ਼ੁਦਾ ਦੀ ਵਰਤੋਂ ਲਈ ''ਵੱਖ ਕਰਨਾ, ਸਮਰਪਤ ਹੋਣਾ'' ਹੈ। ਧਰਮ ਵਿਚ ਇਹਦਾ ਅਰਥ ''ਪਵਿੱਤਰ'' ਹੈ। ਜਿਵੇਂ ਪਤਰਸ ਨੇ ਕਿਹਾ, ''... ਇਹ ਲਿਖਿਆ ਹੋਇਆ ਹੈ ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ'' (1 ਪਤਰਸ 1:15,16)। ਅਸੀਂ ਧਰਮੀ ਬਣੇ ਬਿਨਾ ਸਹੀ ਹੋ ਸਕਦੇ ਹਾਂ (ਮੱਤੀ 6:1-18), ਪਰ ਸਹੀ ਹੋਏ ਬਿਨਾ ਧਰਮੀ ਨਹੀਂ ਬਣ ਸਕਦੇ। ਪਾਪੀਆਂ ਦਾ ਬਚਾਇਆ ਜਾਣਾ ਜ਼ਰੂਰੀ ਹੈ ਅਤੇ ਬਚਾਏ ਹੋਇਆਂ ਦਾ ਪਵਿੱਤਰ ਕੀਤਾ ਜਾਣਾ ਜ਼ਰੂਰੀ ਹੈ।

ਮਸੀਹੀ ਲੋਕ ਬਚਾਏ ਗਏ ਹਨ (ਭਾਵ ਉਨ੍ਹਾਂ ਦੀ ਮੁਕਤੀ ਹੋ ਗਈ ਹੈ)। ਮਸੀਹੀ ਲੋਕ ਬਚਾਏ ਜਾ ਰਹੇ (ਭਾਵ ਪਵਿੱਤਰ ਕੀਤੇ ਜਾ ਰਹੇ) ਹਨ। ਮਸੀਹੀ ਲੋਕ ਬਚਾਏ ਜਾਣਗੇ (ਭਾਵ ਜਲਾਲੀ ਹੋਣਗੇ)। ਬਚਾਇਆਂ ਹੋਇਆਂ ਦਾ ਪਵਿੱਤਰ ਕੀਤਾ ਜਾਣਾ ਜ਼ਰੂਰੀ ਹੈ, ਨਾ ਕਿ ਫੇਰ ਤੋਂ ਬਚਾਏ ਜਾਣਾ। ਖ਼ੁਦਾ ਅਣਬਚਾਇਆਂ ਹੋਇਆਂ ਨੂੰ ਪਵਿੱਤਰ ਨਹੀਂ ਕਰਦਾ ਹੈ।

ਸਾਨੂੰ ਮੁਕਤੀ ਉਸ ਸਥਿਤੀ ਕਰਕੇ ਮਿਲੀ ਹੈ। ਪਰ ਪਵਿੱਤਰ ਕੀਤੇ ਜਾਣਾ ਇਕ ਪ੍ਰਕ੍ਰਿਆ ਹੈ। ਮੁਕਤੀ ਖ਼ੁਦਾ ਦੀ ਸਾਡੀ ਆਗਿਆਕਾਰਿਤਾ ਦੀ ਘਟਨਾ ਦੇ ਰਾਹੀਂ ਆਉਂਦੀ ਹੈ; ਪਵਿੱਤਰ ਕੀਤੇ ਜਾਣਾ ਜ਼ਿੰਦਗੀ ਭਰ ਚਲਾ ਰਹਿੰਦਾ ਹੈ। ਪੌਲੁਸ ਨੇ ਲਿਖਿਆ, ''ਕੋਈ ਆਪਣੇ ਆਪ ਨੂੰ ਧੋਖਾ ਨਾ

ਦੇਵੇ। ਜੇ ਕੋਈ ਤੁਹਾਡੇ ਵਿਚ ਆਪਣੇ ਆ ਨੂੰ ਇਸ ਜੁੱਗ ਵਿਖੇ ਗਿਆਨੀ ਸਮਝਦਾ ਹੈ ਤਾਂ ਉਹ ਮੂਰਖ ਬਣੇ ਭਈ ਗਿਆਨੀ ਹੋ ਜਾਵੇ'' (2 ਕੁਰਿੰਥੀਆਂ 2:18; NKJV)।

ਸਾਨੂੰ ਚਾਹੀਦਾ ਹੈ ਕਿ ਮੁਕਤੀ ਪਵਿੱਤਰ ਕੀਤੇ ਜਾਣ ਅਤੇ ਜਲਾਲੀ ਹੋਣ ਨੂੰ ਉਲਝਾਈਏ ਨਾ। ਬਹੁਤੀ ਧਾਰਮਿਕ ਉਲਝਣ ਇਨ੍ਹਾਂ ਤਿੰਨਾਂ ਸੱਚਾਈਆਂ ਨੂੰ ਆਪਸ ਵਿਚ ਰਲਾਉਣ ਕਰਕੇ ਆਉਂਦੀ ਹੈ। ਮੁਕਤੀ ਪੁਰਾਣੇ ਆਲਸ ਦੇ ਬਾਅਦ ਹੋਣ ਵਾਲਾ ਸ਼ੁਰੂਆਤੀ ਦੌਰ ਨਹੀਂ ਹੈ।

## ਵਿਸ਼ਵਾਸ, ਨਾ ਕਿ ਸਿੱਧਤਾ

ਭਲਾ ਕੋਈ ਸਿੱਧ ਹੋਏ ਬਗੈਰ ਮਸੀਹੀ ਬਣ ਸਕਦਾ ਹੈ? ਹਾਂ, ਕਿਉਂਕਿ ਕੋਈ ਵੀ ਮਸੀਹੀ ਸਿੱਧ ਨਹੀਂ ਹੈ। ਲੋਕ ਆਖਦੇ ਹਨ, ''ਮੈਂ ਕੋਸ਼ਿਸ਼ ਕੀਤੀ ਪਰ ਗੱਲ ਨਹੀ ਬਣੀ, ਜਿਸ ਕਰਕੇ ਮੈਂ ਛੱਡ ਦਿੱਤਾ।'' ਇੰਤਹਾ ਧਾਰਣਾਵਾਂ ਨੂੰ ਨਾ ਸਮਝ ਪਾਉਣ ਕਰਕੇ ਹੁੰਦੀ ਹੈ। ''ਇਕ ਵਾਰ ਬਚਾਏ ਗਏ, ਤਾਂ ਹਮੇਸ਼ਾ ਲਈ ਬਚਾਏ ਗਏ'' ਗਲਤ ਹੈ। ''ਇਕ ਵਾਰ ਬਚਾਏ ਗਏ, ਕਦੇ ਬਚਾਏ ਨਹੀਂ ਗਏ'' ਵੀ ਓਨਾ ਹੀ ਗਲਤ ਹੈ! ਮਸੀਹੀ ਲੋਕਾਂ ਨੂੰ ਪਤਾ ਹੋਣਾ ਜ਼ਰੂਰੀ ਹੈ ਕਿ ਉਹ ਬਚਾਏ ਗਏ ਹਨ (1 ਯੂਹੰਨਾ 5:11-13)। ਅਸੀਂ ਸਿੱਧ ਨਹੀਂ ਬਣ ਸਕਦੇ; ਇਸ ਕਰਕੇ ਸਾਡਾ ਵਿਸ਼ਵਾਸ ਦੇ ਨਾਲ ਬਚਾਇਆ ਜਾਣਾ ਜ਼ਰੂਰੀ ਹੈ। ਅਸੀ ਸਿੱਧ ਨਹੀਂ ਹੋ ਸਕਦੇ, ਪਰ ਅਸੀਂ ਦਿਨ ਵਿਚ ਇਕ ਵਾਰ ਵਫ਼ਾਦਾਰ ਹੋ ਸਕਦੇ ਹਾਂ (ਰੋਮੀਆਂ 3:10, 23)। ਵਿਸ਼ਵਾਸ ਪਿਆਰ ਦੇ ਰਾਹੀਂ ਕੰਮ ਕਰਦਾ ਹੈ! (ਵੇਖੋ ਇਬਰਾਨੀਆਂ 11.) ਅਸੀਂ ਆਪਣੇ ਆਪ ਨੂੰ ਖ਼ੁਦ ਨਹੀਂ ਬਚਾ ਸਕਦੇ, ਇਸ ਕਰਕੇ ਸਾਨੂੰ ਬਚਾਉਣ ਦੇ ਲਈ ਯਿਸੂ ਤੇ ਭਰੋਸਾ ਰੱਖਣਾ ਜ਼ਰੂਰੀ ਹੈ। ਸਾਡਾ ਵਿਸ਼ਵਾਸ ਸਾਨੂੰ ਨਹੀਂ ਬਚਾਉਂਦਾ; ਸਾਨੂੰ ਵਿਸ਼ਵਾਸ ਦਵਾਉਣ ਵਾਲਾ (ਯਿਸੂ) ਸਾਨੂੰ ਬਚਾਉਂਦਾ ਹੈ।

## ਰੌਸ਼ਨੀ ਵਿਚ ਰੋਜ਼ ਚੱਲਣਾ

ਰੌਸ਼ਨੀ ਵਿਚ ਚਲਣ ਦੇ ਬਾਵਜੂਦ ਸੰਤ ਪਾਪ ਕਰਦੇ ਹਨ। ਪੜ੍ਹੋ 1 ਯੂਹੰਨਾ 1:7-2:3. ਮਸੀਹ ਦੇ ਲਹੂ ਨੇ ਸਾਨੂੰ ਬਚਾਇਆ ਹੈ; ਉਹਦਾ ''ਨੇਮ ਦਾ ਲਹੂ'' ਸਾਨੂੰ ਪਵਿੱਤਰ ਵੀ ਕਰਦਾ ਹੈ (ਵੇਖੋ ਇਬਰਾਨੀਆਂ 10:29)। ਸੰਤਾਂ ਨੂੰ ਪਾਪ ਤੋਂ ਲਗਾਤਾਰ ਧੋਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਲਗਾਤਾਰ ਪਵਿੱਤਰ ਕੀਤਾ ਜਾਂਦਾ ਹੈ।

ਮੂਸਾ ਨੂੰ ਸ਼ਰ੍ਹਾ ਦਾ ਪ੍ਰਬੰਧ ਦਿੱਤਾ ਗਿਆ ਸੀ। ਪਾਪੀ ਹੁਣ ਵਿਸ਼ਵਾਸ ਦੇ ਪ੍ਰਬੰਧ ਵਿਚ ਰਹਿੰਦੇ ਹਨ। ਧਰਤੀ ਤੇ ਸਭ ਤੋਂ ਵਿਹਾਰਕ ਗੱਲ ਵਿਸ਼ਵਾਸ ਹੈ। ਅਸੀਂ ਵਿਸ਼ਵਾਸ ਦੇ ਨਾਲ ਚਲਦੇ ਹਾਂ (ਸਿੱਧਤਾ ਦੇ ਨਾਲ ਨਹੀਂ; 2 ਕੁਰਿੰਥੀਆਂ 5:7)। ''ਧਰਮੀ ਪੁਰਖ ਵਿਸ਼ਵਾਸ ਨਾਲ ਜਿਊਂਦਾ ਰਹੇਗਾ'' (ਵੇਖੋ ਹਬੱਕੂਕ 2:4; ਰੋਮੀਆਂ 1:17; ਗਲਾਤੀਆਂ 3:1; ਇਬਰਾਨੀਆਂ 10:38)। ਆਓ ਰੁਕ ਕੇ ਖਾਸ ਧਿਆਨ ਦਈਏ ਕਿ ਕਦੋਂ ਖ਼ੁਦਾ ਆਪਣੀ ਗੱਲ ਦੁਹਰਾਉਂਦਾ ਹੈ!

ਪਰੇਸ਼ਾਨ ''ਪ੍ਰਮੇਸ਼ਵਰ ਦੀ ਕਲੀਸੀਆ ਜੋ ਕੁਰਿੰਥੁਸ ਵਿਚ ਹੈ'' (1 ਕੁਰਿੰਥੀਆਂ 1:2) ਪਵਿੱਤਰ ਕੀਤੀ ਗਈ ਸੀ। ਦੁਸ਼ਟ ਪਾਪੀਆਂ ਦੇ ਰੂਪ ਵਿਚ ਉਨ੍ਹਾਂ ਨੇ ਆਪਣੇ ਪਾਪਾਂ ਤੋਂ ਤੌਬਾ ਕੀਤੀ ਸੀ ਅਤੇ ਉਨ੍ਹਾਂ ਦੇ ਪਾਪ ਧੋਤੇ ਗਏ ਸਨ (1 ਕੁਰਿੰਥੀਆਂ 6:9-11)। ਉਹ ਉਸ ਵੇਲੇ ''ਸੰਤ'' ਬਣ ਗਏ ਸਨ ਅਤੇ ਹਰ ਰੋਜ਼ ਪਵਿੱਤਰਤਾਈ ਵਿਚ ਵਧਣ ਲੱਗ ਪਏ ਸਨ।

ਖ਼ੁਦਾ (ਯੂਹੰਨਾ 10:36; 1 ਥੱਸਲੁਨੀਕੀਆਂ 5:23) ਅਤੇ ਮਸੀਹ (1 ਕੁਰਿੰਥੀਆਂ 1:30; ਇਬਰਾਨੀਆਂ 2:11) ਪਵਿੱਤਰ ਕਰਦੇ ਹਨ। ਮਸੀਹ ਦੀ ਇਲਾਹੀ ਕੁਰਬਾਨੀ, ਜੋ ਹਮੇਸ਼ਾ ਲਈ ਇੱਕੋ

ਵਾਰ ਹੀ ਕੀਤੀ ਗਈ, ਪਵਿੱਤਰ ਕਰਨ ਦੀ ਬੁਨਿਆਦ ਹੈ (ਇਬਰਾਨੀਆਂ 10:10, 14, 16-24, 29; ਵੇਖੋ ਇਬਰਾਨੀਆਂ 7-9)। ਸੱਚਾਈ (ਯੂਹੰਨਾ 17:17, 19), ''ਖ਼ੁਦਾ ਦਾ ਵਚਨ ਅਤੇ ਦੁਆ'' (1 ਤਿਮੋਥਿਉਸ 4:5) ਅਤੇ ਪਵਿੱਤਰ ਆਤਮਾ ਪਵਿੱਤਰ ਕਰਦੇ ਹਨ (ਰੋਮੀਆਂ 15:16; 1 ਪਤਰਸ 1:2)। ਇਸ ਸਭ ਦੇ ਇਲਾਵਾ ਵਿਸ਼ਵਾਸ ਪਵਿੱਤਰ ਕਰਦਾ ਹੈ (ਰਸੂਲਾਂ ਦੇ ਕੰਮ 26:18)।

ਨਿਚੋੜ ਕੀ ਹੈ? ਯਿਸੂ ਨੇ ਕੁਰਿੰਥੀਆਂ ਨੂੰ ਉਨ੍ਹਾਂ ਦੀ ਪਹਿਲੀ ਹਾਲਤ ਵਿਚ ਪਏ ਰਹਿਣ ਦੇਣ ਲਈ ਨਹੀਂ ਬਚਾਇਆ। ਸੰਤਾਂ ਦਾ ਜੀਵਨ ਤੌਬਾ ਵਾਲਾ ਹੋਣਾ ਜ਼ਰੂਰੀ ਹੈ। ਖ਼ੁਦਾ ਦੀ ਸੰਤਾਨ ''ਸਿੱਧ ਫ਼ਰਿਸ਼ਤੇ'' ਨਾ ਹੋਣ ਦੇ ਬਾਵਜੂਦ ''ਸੰਤ'' ਹਨ। ਮਸੀਹੀ ਆਦਮੀ ਪਵਿੱਤਰ ਕੀਤੇ ਜਾਣ ਵਿਚ ਵਧਦਾ ਹੈ।

## ***ਸ਼ਗਿਰਦੀ***

ਪਵਿੱਤਰ ਕੀਤੇ ਜਾਣਾ ਸ਼ਗਿਰਦੀ, ਭਾਵ ਸਿੱਖਣ ਨਾਲ ਪਾਪੀ ਵਰਗੇ ਬਣਨ ਲਈ ਵਧਣ ਦੀ ਪ੍ਰਕ੍ਰਿਆ ਹੈ। ਸਾਡੇ ਵਿਚ ਮਸੀਹ ਦਾ ਮਨ ਹੋਣਾ (ਫ਼ਿਲਿੱਪੀਆਂ 2:5-11), ਆਪਣੀਆਂ ਦੇਹਾਂ ਨੂੰ ਰੋਜ਼ ਮਾਰਨਾ (1 ਕੁਰਿੰਥੀਆਂ 9:23-27) ਅਤੇ ਪੁਰਾਣੇ ਨੂੰ ਉਤਾਰਨਾ ਅਤੇ ਨਵੇਂ ਨੂੰ ਪਹਿਨਣਾ ਜ਼ਰੂਰੀ ਹੈ (2 ਕੁਰਿੰਥੀਆਂ 5:17; ਅਫ਼ਸੀਆਂ 4:22-24)। ਅਸੀਂ ਯਿਸੂ ਦੀ ਕਿਰਪਾ ਅਤੇ ਗਿਆਨ ਵਿਚ ਵਧਦੇ ਹਾਂ (2 ਪਤਰਸ 3:18)। ਜਿਵੇਂ-ਜਿਵੇਂ ਅਸੀਂ ਵਧਦੇ ਹਾਂ ਤਿਵੇਂ- ਤਿਵੇਂ ਯਿਸੂ ਸਾਡੇ ਵਿਚ ਰੂਪ ਲੈਣ ਲਗਦਾ ਹੈ (ਗਲਾਤੀਆਂ 4:19)। ਹਰ ਵਿਚਾਰ ਉਹਦੇ ਅਧੀਨ ਹੋ ਜਾਂਦਾ ਹੈ (2 ਕੁਰਿੰਥੀਆਂ 10:5)।

ਕੋਈ ਰੂਹਾਨੀ ਸਨਿਆਸ ਨਹੀਂ ਹੈ। ਖ਼ੁਦਾ ਸੰਤਾਂ 'ਚੋਂ ਆਪਣੀ ਕਲੀਸੀਆ ਬਣਾਉਂਦਾ ਹੈ। ਕੋਈ ਵੀ ਇਕੱਲਿਆਂ ''ਰੂਹਾਨੀ ਸੂਰਮਾ'' ਨਹੀਂ ਬਣ ਸਕਦਾ। ਅਸੀਂ ''ਪ੍ਰੇਮ ਅਰ ਸ਼ੁੱਭ ਕਰਮਾਂ ਲਈ ਉਭਾਰਨ ਨੂੰ ਇਕ ਦੂਜੇ ਦਾ ਧਿਆਨ'' ਰੱਖਦੇ ਹਾਂ (ਇਬਰਾਨੀਆਂ 10:24)। ਅਸੀਂ ਸਭ ਦੇਹ ਦੇ ਅੰਗ ਹਾਂ। ਕੋਈ ''ਇਕੱਲਾ ਪਹਿਰੇਦਾਰ'' ਨਹੀਂ ਹੈ। ਅਸੀਂ ਖਿੱਚਦੇ ਨਹੀਂ ਬਲਕਿ ਉਹਦੀ ਦੇਹ ਦੇ ਰੂਪ ਵਿਚ ਸੇਵਾ ਕਰਦੇ ਹਾਂ। ਅਸੀਂ ਆਪਣਾ ਇਨਕਾਰ ਕਰਦੇ ਹਾਂ ਅਤੇ ਰੋਜ਼ ਆਪਣੀਆਂ ਸਲੀਬਾਂ ਚੁੱਕਦੇ ਹਾਂ (ਲੂਕਾ 9:23-26)।

ਵੀਹਵੀ ਸਦੀ ਦੇ ਥਿਓਲੋਜੀਅਨ (ਧਰਮ-ਸ਼ਾਸਤਰੀ) ਰੇਅਨਹੋਲਡ ਨਿਏਬੂਹਰ ਨੇ ਲਿਖਿਆ:

> ਕਰਨ ਯੋਗ ਕੋਈ ਕੰਮ ਸਾਡੀ ਜ਼ਿੰਦਗੀ ਦੇ ਸਮੇਂ ਵਿਚ ਨਹੀਂ ਕੀਤਾ ਜਾ ਸਕਦਾ; ਇਸ ਲਈ ਸਾਡਾ ਆਸ ਨਾਲ ਬਚਾਇਆ ਜਾਣਾ ਜ਼ਰੂਰੀ ਹੈ। ਇਤਿਹਾਸ ਦੇ ਨੇੜਲੇ ਸੰਦਰਭ ਵਿਚ ਕੋਈ ਸੰਪੂਰਣ ਅਰਥ ਨਹੀਂ ... ਬਣਦਾ; ਇਸ ਕਰਕੇ ਅਸੀਂ ਵਿਸ਼ਵਾਸ ਦੇ ਰਾਹੀ ਬਚਾਏ ਜਾਂਦੇ ਹਾਂ। ਪਰ ਸਾਡਾ ਕੋਈ ਵੀ ਭਲਿਆਈ ਦਾ ਕੰਮ ਇਕੱਲੇ ਨਹੀਂ ਕੀਤਾ ਜਾ ਸਕਦਾ; ਇਸ ਲਈ ਅਸੀਂ ਪਿਆਰ ਨਾਲ ਬਚਾਏ ਜਾਂਦੇ ਹਾ।[1]

*ਸਲੀਬ ...*
*ਹੋਰ ਰਾਹ ਹੀ ਨਹੀਂ!*

---

ਟਿੱਪਣੀ

[1]ਰੇਅਨਹੋਲਡ ਨਿਏਬੂਹਰ, *ਦ ਆਇਰਨੀ ਆਫ਼ ਅਮੈਰੀਕਨ ਹਿਸਟਰੀ* (ਨਿਊ ਯਾਰਕ: ਚਾਰਲਸ ਸਕ੍ਰਿਬਨਰ'ਜ਼ ਸੰਜ਼, 1952), 63.